## ਹੁਕਮ, ਚੇਅਰਮੈਨ,ਪੰਜਾਬ ਸਕੂਲ ਸਿੱਖਿਆ ਬੋਰਡ

ਪੰਜਾਬ ਸਰਕਾਰ ਦੇ ਲੋਕ ਖੇਤਰੀ ਅਦਾਰਿਆਂ/ਖੁਦ ਮੁਖਤਿਆਰ ਅਦਾਰਿਆ ਵਿੱਚ ਨਵੀਂ ਡਿਫਾਇੰਡ ਕੰਨਟ੍ਰੀਬਿਊਸ਼ਨ ਪੈਨਸ਼ਨ ਸਕੀਮ ਲਾਗੂ ਕਰਨ ਸਬੰਧੀ ਵਿੱਤ ਵਿਭਾਗ ਦਾ ਪੱਤਰ ਨੰਬਰ 5/44/2012-5ਵਿਪਪਤ/350 ਮਿਤੀ 23.02.2017 ਬੋਰਡ ਦਫਤਰ ਵਿੱਚ ਨੋਟੀਫਿਕੇਸ਼ਨ ਨੰ: 303-ਪਸਸਬ-5ਅਸ-ਅਮਲਾ-2017/1691 ਮਿਤੀ 09.08.2017 ਰਾਹੀਂ ਲਾਗੂ ਕੀਤਾ ਗਿਆ ਸੀ ਨੂੰ ਰੱਦ ਕਰਦੇ ਹੋਏ ਵਾਪਿਸ ਲਿਆ ਜਾਂਦਾ ਹੈ।

ਮਿਤੀ: ਸਾਹਿਬਜ਼ਾਦਾ ਅਜੀਤ ਸਿੰਘ ਨਗਰ
09.11.2017

ਸਕੱਤਰ
ਪੰਜਾਬ ਸਕੂਲ ਸਿੱਖਿਆ ਬੋਰਡ।

ਨੰ:ਪਸਸਬ-5ਅਸ-ਅਮਲਾ-2017/3349 ਮਿਤੀ ਸਾਹਿਬਜ਼ਾਦਾ ਅਜੀਤ ਸਿੰਘ ਨਗਰ: 10/11/17

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਚੇਅਰਮੈਨ ਜੀ ਦੇ ਨਿੱਜੀ ਸਕੱਤਰ, ਸੀਨੀਅਰ ਵਾਈਸ ਚੇਅਰਪਰਸਨ, ਵਾਈਸ ਚੇਅਰਮੈਨ ਅਤੇ ਸਕੱਤਰ ਜੀ ਦੇ ਨਿੱਜੀ ਸਹਾਇਕਾਂ ਨੂੰ, ਚੇਅਰਮੈਨ, ਸੀਨੀਅਰ ਵਾਈਸ ਚੇਅਰਪਰਸਨ, ਵਾਈਸ ਚੇਅਰਮੈਨ ਅਤੇ ਸਕੱਤਰ ਜੀ ਦੀ ਸੂਚਨਾ ਹਿੱਤ;
2) ਸੰਯੁਕਤ ਸਕੱਤਰ (ਪ੍ਰੀਖਿਆਵਾਂ/ਜਨਰਲ);
3) ਉੱਪ ਸਕੱਤਰ, ਲੇਖਾ ਸ਼ਾਖਾ;
4) ਡਿਪਟੀ ਕੰਟਰੋਲਰ, ਲੋਕਲ ਆਡਿਟ;
5) ਸਮੂਹ ਸ਼ਾਖਾ ਮੁੱਖੀ;
6) ਸਮੂਹ ਪ੍ਰਿੰਸੀਪਲ, ਆਦਰਸ਼ ਸਕੂਲ;
7) ਸਮੂਹ ਜਿਲ੍ਹਾ ਮੈਨੇਜਰ, ਖੇਤਰੀ ਦਫਤਰ;
8) ਸਮੂਹ ਸੁਪਰਡੰਟ/ਸਹਾਇਕ, ਅਮਲਾ ਸ਼ਾਖਾ;
9) ਰਿਕਾਰਡਰ, ਅਮਲਾ ਸ਼ਾਖਾ;

ਪੰਜਾਬ ਸਕੂਲ ਸਿੱਖਿਆ ਬੋਰਡ।

ਸੁਪਰਡੰਟ (ਅਮਲਾ-2) 10/11/17
ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।

## ਪੰਜਾਬ ਸਕੂਲ ਸਿੱਖਿਆ ਬੋਰਡ
### ਨੋਟੀਫਿਕੇਸ਼ਨ

ਨੋਟੀ: ਨੰ:304-ਪਸਸਬ-5ਅਸ-ਅਮਲਾ-2017/੨੦16 ਮਿਤੀ:ਸਾਹਿਬਜ਼ਾਦਾ ਅਜੀਤ ਸਿੰਘ ਨਗਰ: ੧੫/੧/-੧੭

ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ, ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ, ਪ੍ਰਸੋਨਲ ਪਾਲਿਸੀਜ਼-1 ਸ਼ਾਖਾ ਵਲੋਂ ਜਾਰੀ ਪੱਤਰ ਨੰ. 1/6/2016-4ਪੀ.ਪੀ.1/834680/1 ਮਿਤੀ 07.09.2016 **(ਅਨੁਲੱਗ ਓ)** ਬੋਰਡ ਦਫਤਰ ਵਿੱਚ ਲਾਗੂ ਕਰਨ ਦੀ ਪ੍ਰਵਾਨਗੀ ਦਿੰਦੇ ਹਨ।

ਮਿਤੀ: ਸਾਹਿਬਜ਼ਾਦਾ ਅਜੀਤ ਸਿੰਘ ਨਗਰ
04-09-2017

ਸਕੱਤਰ,
ਪੰਜਾਬ ਸਕੂਲ ਸਿੱਖਿਆ ਬੋਰਡ

ਪਿੱਠ ਅੰਕਣ ਨੰ:ਪਸਸਬ-5ਅਸ-ਅਮਲਾ-2017/੨੦17 ਮਿਤੀ:ਸਾਹਿਬਜ਼ਾਦਾ ਅਜੀਤ ਸਿੰਘ ਨਗਰ: ੧੫|੧|-੧੭

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਚੇਅਰਮੈਨ, ਸੀਨੀਅਰ ਵਾਈਸ ਚੇਅਰਪਰਸਨ, ਵਾਈਸ ਚੇਅਰਮੈਨ ਅਤੇ ਸਕੱਤਰ ਜੀ ਦੇ ਨਿੱਜੀ ਸਕੱਤਰਾਂ/ ਨਿੱਜੀ ਸਹਾਇਕਾਂ ਨੂੰ, ਚੇਅਰਮੈਨ, ਸੀਨੀਅਰ ਵਾਈਸ ਚੇਅਰਪਰਸਨ, ਵਾਈਸ ਚੇਅਰਮੈਨ ਅਤੇ ਸਕੱਤਰ ਜੀ ਦੀ ਸੂਚਨਾ ਹਿੱਤ;
2) ਸੰਯੁਕਤ ਸਕੱਤਰ (ਪ੍ਰੀਖਿਆਵਾਂ/ ਜਨਰਲ);
3) ਵਿੱਤ ਤੇ ਵਿਕਾਸ ਅਫਸਰ;
4) ਡਿਪਟੀ ਕੰਟਰੋਲਰ, ਲੋਕਲ ਆਡਿਟ;
5) ਸਹਾਇਕ ਸਕੱਤਰ, ਅਮਲਾ;
6) ਸਮੂਹ ਸ਼ਾਖਾ ਮੁੱਖੀ;
7) ਸਮੂਹ ਅਮਲਾ ਸੁਪਰਡੰਟ/ ਸਹਾਇਕ;
8) ਰਿਕਾਰਡਰ, ਅਮਲਾ ਸ਼ਾਖਾ;

ਪੰਜਾਬ ਸਕੂਲ ਸਿੱਖਿਆ ਬੋਰਡ ।

ਸੁਪਰਡੰਟ (ਅਮਲਾ-2) ੧੩/੧/੧੭
ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।

ਨੰ: 1/6/2016-4ਪੀ.ਪੀ.1/834680/1

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਿਸੀਜ਼-1 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ,
ਡਵੀਜ਼ਨਾਂ ਦੇ ਕਮਿਸ਼ਨਰਜ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਜਿਲ੍ਹਾ ਅਤੇ ਸੈਸ਼ਨਜ਼ ਜੱਜ,
ਸਮੂਹ ਡਿਪਟੀ ਕਮਿਸ਼ਨਰਜ਼ ਅਤੇ
ਸਮੂਹ ਉਪ ਮੰਡਲ ਮੈਜਿਸਟਰੇਟ (ਸਿਵਲ)।

ਮਿਤੀ, ਚੰਡੀਗੜ੍ਹ: 07 ਸਤੰਬਰ,2016

ਵਿਸ਼ਾ :- ਰਾਜ ਸੇਵਾਵਾਂ ਵਿੱਚ ਭਰਤੀ ਉਪਰੰਤ ਪਰਖਕਾਲ ਦਾ ਸਮਾਂ 2 ਸਾਲ ਤੋਂ ਵਧਾ ਕੇ 3 ਸਾਲ ਕਰਨ ਸਬੰਧੀ ਪੰਜਾਬ ਸਿਵਲ ਸੇਵਾਵਾਂ (ਆਮ ਅਤੇ ਸਾਂਝੀਆਂ ਸੇਵਾਵਾਂ ਸ਼ਰਤਾਂ) ਨਿਯਮ, 1994 ਦੇ ਰੂਲ 7 (1) ਵਿੱਚ ਸੋਧ ਕਰਨ ਬਾਰੇ।

ਸ੍ਰੀਮਾਨ ਜੀ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਤੇ ਆਪ ਜੀ ਨੂੰ ਪੰਜਾਬ ਸਰਕਾਰ ਦੇ ਗਜ਼ਟ ਵਿੱਚ ਛਪੀ ਅਧਿਸੂਚਨਾ ਨੰ: G.S.R.56/Const./Art.309/Amd.(18)/2016, ਮਿਤੀ 05 ਸਤੰਬਰ, 2016, ਦੀ ਕਾਪੀ ਸੂਚਨਾ ਅਤੇ ਅਗਲੇਰੀ ਕਾਰਵਾਈ ਹਿਤ ਭੇਜੀ ਜਾਂਦੀ ਹੈ ਅਤੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਅਧਿਸੂਚਨਾ ਨੂੰ ਆਪਣੇ ਵਿਭਾਗ ਦੇ ਮੌਜੂਦਾ ਨੋਟੀਫਾਈਡ ਸੇਵਾ ਨਿਯਮਾਂ ਦੇ ਅਪੈਂਡਿਕਸ-ਸੀ [ਪੰਜਾਬ ਸਿਵਲ ਸੇਵਾਵਾਂ (ਆਮ ਅਤੇ ਸਾਂਝੀਆਂ ਸੇਵਾਵਾਂ ਸ਼ਰਤਾਂ) ਨਿਯਮ, 1994] ਵਿੱਚ ਸ਼ਾਮਿਲ ਕਰਦੇ ਹੋਏ ਪੜ੍ਹਿਆ ਜਾਵੇ।

2. ਇਹ ਆਪਣੇ ਅਧੀਨ ਦਫਤਰਾਂ ਦੇ ਸਮੂਹ ਅਧਿਕਾਰੀਆਂ/ਕਰਮਚਾਰੀਆਂ ਦੇ ਧਿਆਨ ਵਿੱਚ ਲਿਆਉਣ ਦੀ ਖੇਚਲ ਕੀਤੀ ਜਾਵੇ।

3. ਇਸ ਦੀ ਪੰਹੁਚ ਰਸੀਦ ਭੇਜੀ ਜਾਵੇ।

ਵਿਸ਼ਵਾਸ਼ਪਾਤਰ,

ਉੱਪ ਸਕੱਤਰ, ਪ੍ਰਸੋਨਲ

ਇਸ ਦਾ ਇਕ ਉਤਾਰਾ (ਸਮੇਤ ਨੋਟੀਫਿਕੇਸ਼ਨ ਮਿਤੀ 05 ਸਤੰਬਰ, 2016 ਦੀ ਕਾਪੀ) ਸਮੂਹ ਵਿੱਤੀ ਕਮਿਸਨਰਾਂ/ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਉੱਪ ਸਕੱਤਰ, ਪ੍ਰਸੋਨਲ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰਜ਼/ਪ੍ਰਮੁੱਖ ਸਕੱਤਰ
ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ: 1/06/2016-4ਪੀ.ਪੀ.1/834680/2

ਮਿਤੀ, ਚੰਡੀਗੜ੍ਹ: 07 ਸਤੰਬਰ,2016

PART III

## GOVERNMENT OF PUNJAB

DEPARTMENT OF PERSONNEL

(Personnel Policies-I Branch)

## NOTIFICATION

The 5th September, 2016

**No.G.S.R.56/Const./Art.309/Amd.(18)/2016.–** In exercise of the powers conferred by the proviso to Article 309 of the Constitution of India and all other powers enabling him in this behalf, the Governor of Punjab is pleased to make the following rules further to amend the Punjab Civil Services (General and Common Conditions of Service) Rules, 1994, namely :--

## RULES

1. (1) These rules may be called the Punjab Civil Services (General and Common Conditions of Service) (Second Amendment) Rules, 2016.

   (2) They shall come into force on and with effect from the date of their publication in the Official Gazette.

2. In the Punjab Civil Services (General and Common Conditions of Service) Rules, 1994, in rule 7, in sub-rule (1), for the word *"two"*, the word *"three"* shall be substituted.

SARVESH KAUSHAL,
Chief Secretary to Government of Punjab.

*1089/09-2016/Pb. Govt. Press, S.A.S. Nagar*

**ਪੰਜਾਬ ਸਕੂਲ ਸਿੱਖਿਆ ਬੋਰਡ**
**ਨੋਟੀਫਿਕੇਸ਼ਨ**

ਨੋਟੀ: ਨੰ:305-ਪਸਸਬ-5ਅਸ-ਅਮਲਾ-2017/1332 ਮਿਤੀ:ਸਾਹਿਬਜ਼ਾਦਾ ਅਜੀਤ ਸਿੰਘ ਨਗਰ: 9/10/17

ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ, ਪ੍ਰਸੋਨਲ ਪਾਲਿਸੀਜ਼-2 ਸ਼ਾਖਾ ਵਲੋਂ ਜਾਰੀ ਪੱਤਰ ਨੰ. 12/57/2017-1ਪੀਪੀ2/960832/1-2 ਮਿਤੀ 24.04.2017 ਜੋ ਬੋਰਡ ਦਫਤਰ ਵਿੱਚ ਨੋਟੀਫਿਕੇਸ਼ਨ ਨੰ. 299-ਪਸਸਬ-5ਅਸ-ਅਮਲਾ-2017/938 ਮਿਤੀ 17.05.2017 ਰਾਹੀਂ ਅਡਾਪਟ ਕੀਤਾ ਗਿਆ ਸੀ, ਦੀ ਲਗਾਤਾਰਤਾ ਵਿੱਚ ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ, ਪ੍ਰਸੋਨਲ ਪਾਲਿਸੀਜ਼-3 ਸ਼ਾਖਾ ਵਲੋਂ ਜਾਰੀ ਪੱਤਰ ਨੰ. 12/57/17-1ਪੀਪੀ2/1ਪੀਪੀ3/1051389/1 ਮਿਤੀ 28.08.2017 (ਅਨੁਲੱਗ ੳ) ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ, ਬੋਰਡ ਦਫਤਰ ਵਿੱਚ ਲਾਗੂ ਕਰਨ ਦੀ ਪ੍ਰਵਾਨਗੀ ਦਿੰਦੇ ਹਨ।

ਮਿਤੀ: ਸਾਹਿਬਜ਼ਾਦਾ ਅਜੀਤ ਸਿੰਘ ਨਗਰ
23-09-2017

ਸਕੱਤਰ,
ਪੰਜਾਬ ਸਕੂਲ ਸਿੱਖਿਆ ਬੋਰਡ

ਪਿੱਠ ਅੰਕਣ ਨੰ:ਪਸਸਬ-5ਅਸ-ਅਮਲਾ-2017/1333 ਮਿਤੀ:ਸਾਹਿਬਜ਼ਾਦਾ ਅਜੀਤ ਸਿੰਘ ਨਗਰ: 9/10-17

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਚੇਅਰਮੈਨ, ਸੀਨੀਅਰ ਵਾਈਸ ਚੇਅਰਪਰਸਨ, ਵਾਈਸ ਚੇਅਰਮੈਨ ਅਤੇ ਸਕੱਤਰ ਜੀ ਦੇ ਨਿੱਜੀ ਸਕੱਤਰਾਂ/ ਨਿੱਜੀ ਸਹਾਇਕਾਂ ਨੂੰ, ਚੇਅਰਮੈਨ, ਸੀਨੀਅਰ ਵਾਈਸ ਚੇਅਰਪਰਸਨ, ਵਾਈਸ ਚੇਅਰਮੈਨ ਅਤੇ ਸਕੱਤਰ ਜੀ ਦੀ ਸੂਚਨਾ ਹਿੱਤ;
2) ਸੰਯੁਕਤ ਸਕੱਤਰ (ਪ੍ਰੀਖਿਆਵਾਂ/ ਜਨਰਲ);
3) ਵਿੱਤ ਤੇ ਵਿਕਾਸ ਅਫਸਰ;
4) ਡਿਪਟੀ ਕੰਟਰੋਲਰ, ਲੋਕਲ ਆਡਿਟ;
5) ਸਹਾਇਕ ਸਕੱਤਰ, ਅਮਲਾ;
6) ਸਮੂਹ ਸ਼ਾਖਾ ਮੁੱਖੀ;
7) ਸਮੂਹ ਅਮਲਾ ਸੁਪਰਡੰਟ/ ਸਹਾਇਕ;
8) ਰਿਕਾਰਡਰ, ਅਮਲਾ ਸ਼ਾਖਾ;

ਪੰਜਾਬ ਸਕੂਲ ਸਿੱਖਿਆ ਬੋਰਡ ।

ਸੁਪਰਡੰਟ (ਅਮਲਾ-2) 6/10/17
ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।

ਮੀਮੋ ਨੰ: 12/57/17-1ਪੀਪੀ2/1ਪੀਪੀ3/ 1051389/1

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਿਸੀਜ-3 ਸ਼ਾਖਾ)

ਮਿਤੀ,ਚੰਡੀਗੜ੍ਹ 28/8/2017

ਸੇਵਾ ਵਿਖੇ

1. ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ,
ਡਵੀਜ਼ਨਾਂ ਦੇ ਕਮਿਸ਼ਨਰਜ, ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰਜ ਅਤੇ
ਉਪ ਮੰਡਲ ਅਫਸਰ (ਸਿਵਲ), ਪੰਜਾਬ
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਸਮੂਹ ਜਿਲ੍ਹਾ ਅਤੇ ਸੈਸ਼ਨ ਜੱਜ।
2. ਰਾਜ ਦੇ ਸਮੂਹ ਬੋਰਡ/ਕਾਰਪੋਰੇਸ਼ਨਾਂ ਦੇ ਚੇਅਰਮੈਨ/ਮੈਨੇਜਿੰਗ ਡਾਇਰੈਕਟਰ

ਵਿਸ਼ਾ: ਆਮ ਚੋਣਾਂ 2017 ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵੱਲੋਂ ਜਾਰੀ ਮੈਨੀਫੈਸਟੋ ਨੂੰ "ਪੰਜਸਾਲਾ ਵਰਕ ਪ੍ਰੋਗਰਾਮ 2017-2022" ਵਜੋਂ ਪੰਜਾਬ ਸਰਕਾਰ ਵੱਲੋਂ ਮਿਤੀ-ਬੱਧ ਤਰੀਕੇ ਨਾਲ ਲਾਗੂ ਕਰਨ ਸਬੰਧੀ।

*****

ਸ੍ਰੀ ਮਾਨ/ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਇਸ ਵਿਭਾਗ ਦੇ ਪੱਤਰ ਨੰ: 12/57/2017-1ਪੀਪੀ2/960832/1-2 ਮਿਤੀ 24.04.2017 ਦੀ ਲਗਾਤਾਰਤਾ ਵਿੱਚ ਹੇਠ ਦਰਸਾਏ ਸਪੱਸ਼ਟੀਕਰਨ ਜਾਰੀ ਕਰਨ ਦੀ ਹਦਾਇਤ ਹੋਈ ਹੈ ਕਿ:-

(1) ਉਕਤ ਹਦਾਇਤਾਂ, ਇਨ੍ਹਾਂ ਦੇ ਜਾਰੀ ਹੋਣ ਦੀ ਮਿਤੀ (24.04.2017) ਨੂੰ ਖਾਲੀ ਆਸਾਮੀਆਂ ਅਤੇ ਉਸ ਤੋਂ ਬਾਅਦ/ਭਵਿੱਖ ਵਿੱਚ ਖਾਲੀ ਹੋਣ ਵਾਲੀਆਂ ਸਿੱਧੀ ਭਰਤੀ ਦੀਆਂ ਆਸਾਮੀਆਂ ਤੇ ਲਾਗੂ ਹੋਣਗੀਆਂ ਅਤੇ ਅਜਿਹੀਆਂ ਆਸਾਮੀਆਂ ਨੂੰ ਨਿਰਧਾਰਤ ਕਾਰਜਵਿਧੀ ਅਨੁਸਾਰ ਸਿੱਧੀ ਭਰਤੀ ਰਾਹੀਂ ਭਰਿਆ ਜਾਵੇ।

(2) ਅਜਿਹੇ ਕਰਮਚਾਰੀ ਜੋ ਕਿ ਪਹਿਲਾਂ ਹੀ ਕੰਟਰੈਕਟ ਤੇ ਜਾਂ ਆਊਟਸੋਰਸ ਏਜੰਸੀ ਰਾਹੀਂ ਕੰਮ ਕਰ ਰਹੇ ਹਨ ਅਤੇ ਪ੍ਰਬੰਧਕੀ ਵਿਭਾਗ ਨੂੰ ਉਨ੍ਹਾਂ ਦੀ ਜ਼ਰੂਰਤ ਹੈ, ਦੀਆਂ ਸੇਵਾਵਾਂ ਮਿਤੀ 31.03.2018 ਤੱਕ ਜਾਂ ਦੀ ਪੰਜਾਬ ਐਡਹਾਕ, ਕੰਟਰੈਕਚੂਅਲ, ਡੇਲੀਵੇਜ਼, ਟੈਂਪਰੇਰੀ, ਵਰਕਚਾਰਜ਼ ਅਤੇ ਆਊਟਸੋਰਸ ਇੰਪਲਾਈਜ਼ ਵੈਲਫੇਅਰ ਐਕਟ 2016 ਸਬੰਧੀ ਸਰਕਾਰ ਵੱਲੋਂ ਜਾਂ ਅਦਾਲਤ ਵੱਲੋਂ ਅੰਤਿਮ ਫੈਸਲਾ ਆਉਣ ਦੀ ਮਿਤੀ ਤੱਕ ਦੋਨਾਂ ਵਿੱਚੋਂ ਜੋ ਵੀ ਪਹਿਲਾਂ ਹੋਵੇ ਵਾਧਾ ਕਰ ਦਿੱਤਾ ਜਾਵੇ।

ਵਿਸ਼ਵਾਸਪਾਤਰ

ਸੁਪਰਡੰਟ
ਪ੍ਰਸੋਨਲ

ਚੱਲਦਾ ਪੰਨਾ....

ਇਸ ਦਾ ਇਕ ਉਤਾਰਾ ਸਮੂਹ ਵਿਸੇਸ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਵਿੱਤੀ ਕਮਿਸਨਰਜ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ ਸਹਿਬਾਨਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ 28/8/17

ਸੇਵਾ ਵਿਖੇ

ਸਮੂਹ ਵਿਸੇਸ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ,
ਵਿੱਤੀ ਕਮਿਸਨਰਜ਼, ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ. 12/57/2017-1ਪੀਪੀ2/1ਪੀਪੀ3/ 1051384/2 ਮਿਤੀ,ਚੰਡੀਗੜ੍ਹ: 28/8/17
ਪਿ.ਅੰ.ਨੰ. 12/57/2017-1ਪੀਪੀ2/1ਪੀਪੀ3/ 1051384/3 ਮਿਤੀ,ਚੰਡੀਗੜ੍ਹ: 28/8/17

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

(1) ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ
(2) ਸਮੂਹ ਮੰਤਰੀਆਂ ਦੇ ਵਿਸ਼ੇਸ਼ ਸਕੱਤਰ/ਸਕੱਤਰ ਅਤੇ ਨਿੱਜੀ ਸਕੱਤਰ ਅਤੇ
(3) ਸਕੱਤਰ/ਮੁੱਖ ਮੰਤਰੀ, ਪੰਜਾਬ।

ਸੁਪਰਡੰਟ 28/8/17

ਸੇਵਾ ਵਿਖੇ

(1) ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ,
(2) ਸਮੂਹ ਮੰਤਰੀਆਂ ਦੇ ਵਿਸ਼ੇਸ਼ ਸਕੱਤਰ/ਸਕੱਤਰ ਅਤੇ ਨਿੱਜੀ ਸਕੱਤਰ, ਅਤੇ
(3) ਸਕੱਤਰ/ਮੁੱਖ ਸਕੱਤਰ, ਪੰਜਾਬ।

ਅੰ.ਵਿ.ਪੱ.ਨੰ. 12/57/2017-1ਪੀਪੀ2/1ਪੀਪੀ3/ 1051384/4 ਮਿਤੀ,ਚੰਡੀਗੜ੍ਹ: 28/8/17
ਪਿ.ਅੰ.ਨੰ. 12/57/2017-1ਪੀਪੀ2/1ਪੀਪੀ3/ 1051384/5 ਮਿਤੀ,ਚੰਡੀਗੜ੍ਹ: 28/8/17

ਇਸ ਦਾ ਇਕ ਉਤਾਰਾ ਸੁਪਰਡੰਟ, ਮੰਤਰੀ ਮੰਡਲ ਮਾਮਲੇ ਸ਼ਾਖਾ, ਆਮ ਰਾਜ ਪ੍ਰਬੰਧ ਵਿਭਾਗ ਨੂੰ ਉਨ੍ਹਾਂ ਦੇ ਪੱਤਰ ਨੰ: 7/8/2017-1ਕੈਬਨਿਟ/791 ਮਿਤੀ 21.03.2017 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

## ਪੰਜਾਬ ਸਕੂਲ ਸਿੱਖਿਆ ਬੋਰਡ
### ਨੋਟੀਫਿਕੇਸ਼ਨ

ਨੋਟੀ: ਨੰ:306-ਪਸਸਬ-5ਅਸ-ਅਮਲਾ-2017/3096 ਮਿਤੀ:ਸਾਹਿਬਜ਼ਾਦਾ ਅਜੀਤ ਸਿੰਘ ਨਗਰ: 17/10/17

ਬੋਰਡ ਦੀ ਇਕੱਤਰਤਾ ਮਿਤੀ 17.11.2016 ਵਿੱਚ ਮੱਦ ਨੰ. 8 (1) ਰਾਹੀਂ ਬੋਰਡ ਤੋਂ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ, ਪੰਜਾਬ ਸਰਕਾਰ, ਵਿੱਤ ਵਿਭਾਗ, ਕਰਜ਼ਾ ਸ਼ਾਖਾ ਵੱਲੋਂ ਜਾਰੀ ਪੱਤਰ ਨੰ. ਵਿ.ਵਿ.ਕਰਜ਼ਾ-ਭ.ਅ.1/93/2017/9593 ਮਿਤੀ 12.10.2017 (ਅਨੁਲੱਗ ੳ) ਬੋਰਡ ਦਫਤਰ ਵਿੱਚ ਅਡਾਪਟ ਕਰਨ ਦੀ ਪ੍ਰਵਾਨਗੀ ਦਿੰਦੇ ਹਨ।

ਮਿਤੀ: ਸਾਹਿਬਜ਼ਾਦਾ ਅਜੀਤ ਸਿੰਘ ਨਗਰ
17-10-2017

ਸਕੱਤਰ,
ਪੰਜਾਬ ਸਕੂਲ ਸਿੱਖਿਆ ਬੋਰਡ

ਪਿੱਠ ਅੰਕਣ ਨੰ:ਪਸਸਬ-5ਅਸ-ਅਮਲਾ-2017/3096A ਮਿਤੀ:ਸਾਹਿਬਜ਼ਾਦਾ ਅਜੀਤ ਸਿੰਘ ਨਗਰ: 17/10/17

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਚੇਅਰਮੈਨ, ਸੀਨੀਅਰ ਵਾਈਸ ਚੇਅਰਪਰਸਨ, ਵਾਈਸ ਚੇਅਰਮੈਨ ਅਤੇ ਸਕੱਤਰ ਜੀ ਦੇ ਨਿੱਜੀ ਸਕੱਤਰਾਂ/ ਨਿੱਜੀ ਸਹਾਇਕਾਂ ਨੂੰ, ਚੇਅਰਮੈਨ, ਸੀਨੀਅਰ ਵਾਈਸ ਚੇਅਰਪਰਸਨ, ਵਾਈਸ ਚੇਅਰਮੈਨ ਅਤੇ ਸਕੱਤਰ ਜੀ ਦੀ ਸੂਚਨਾ ਹਿੱਤ;
2) ਸੰਯੁਕਤ ਸਕੱਤਰ (ਪ੍ਰੀਖਿਆਵਾਂ/ ਜਨਰਲ);
3) ਵਿੱਤ ਤੇ ਵਿਕਾਸ ਅਫਸਰ;
4) ਉਪ ਸਕੱਤਰ, ਲੇਖਾ;
5) ਡਿਪਟੀ ਕੰਟਰੋਲਰ, ਲੋਕਲ ਆਡਿਟ;
6) ਸਹਾਇਕ ਸਕੱਤਰ, ਅਮਲਾ;
7) ਸਮੂਹ ਸ਼ਾਖਾ ਮੁੱਖੀ;
8) ਰਿਕਾਰਡਰ, ਅਮਲਾ ਸ਼ਾਖਾ;

ਪੰਜਾਬ ਸਕੂਲ ਸਿੱਖਿਆ ਬੋਰਡ ।

ਸੁਪਰਡੰਟ (ਅਮਲਾ-2) 17/10/17
ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।

ਨੰ:ਵਿ:ਵਿ:ਕਰਜ਼ਾ-ਭ.ਅ.1/93/2017/ 9593
ਪੰਜਾਬ ਸਰਕਾਰ,ਵਿੱਤ ਵਿਭਾਗ
(ਕਰਜ਼ਾ ਸ਼ਾਖਾ)

ਵੱਲ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ,
ਡਵੀਜ਼ਨਾਂ ਦੇ ਕਮਿਸ਼ਨਰ, ਰਜਿਸਟਰਾਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਜਿਲ੍ਹਾ ਅਤੇ ਸੈਸ਼ਨ ਜੱਜ ਅਤੇ ਡਿਪਟੀ ਕਮਿਸ਼ਨਰ।

ਮਿਤੀ: ਚੰਡੀਗੜ੍ਹ: 12-10-2017

ਵਿਸ਼ਾ: ਸਾਲ 2017-18 ਵਿੱਚ ਦਰਜ਼ਾ-4 (ਗਰੁੱਪ ਡੀ) ਕਰਮਚਾਰੀਆਂ ਨੂੰ ਤਿਉਹਾਰ ਲਈ ਕਰਜ਼ਾ।

****

ਸ੍ਰੀ ਮਾਨ ਜੀ,

ਪੰਜਾਬ ਸਰਕਾਰ ਨੇ ਆਪਣੇ ਦਰਜ਼ਾ-4 (ਗਰੁੱਪ ਡੀ) ਕਰਮਚਾਰੀਆਂ ਨੂੰ ਤਿਉਹਾਰ ਲਈ ਸੂਦ ਰਹਿਤ 7000/-ਰੁ ( ਸੱਤ ਹਜਾਰ ਰੁਪਏ ਕੇਵਲ) ਸਾਲ 2017-18 ਦੌਰਾਨ ਬਤੌਰ ਕਰਜ਼ਾ ਦੇਣ ਦਾ ਫੈਸਲਾ ਕੀਤਾ ਹੈ। ਇਹ ਰਕਮ ਮਿਤੀ 18.10.2017 ਤੱਕ ਕਢਵਾਈ ਜਾ ਸਕੇਗੀ। ਇਹ ਕਰਜ਼ਾ 5 ਬਰਾਬਰ ਮਹੀਨਾਵਾਰ ਕਿਸਤਾਂ ਵਿੱਚ ਵਸੂਲਿਆ ਜਾਵੇਗਾ। ਇਸ ਦੀ ਵਸੂਲੀ ਨਵੰਬਰ, 2017 ਦੀ ਤਨਖਾਹ ਤੋਂ ਸ਼ੁਰੂ ਹੋ ਜਾਵੇਗੀ। ਇਹ ਕਰਜ਼ਾ ਸਿਰਫ ਰੈਗੂਲਰ ਦਰਜ਼ਾ-4 (ਗਰੁੱਪ ਡੀ) ਕਰਮਚਾਰੀਆਂ ਨੂੰ ਹੀ ਮਿਲੇਗਾ। ਦਿਹਾੜੀਦਾਰ, ਵਰਕਚਾਰਜ਼ਡ ਕਰਮਚਾਰੀ ਆਦਿ ਇਸ ਫੈਸਲੇ ਅਧੀਨ ਨਹੀਂ ਆਉਣਗੇ। ਜਿਹੜੇ ਕਰਮਚਾਰੀ ਆਰਜ਼ੀ ਹਨ, ਉਹਨਾਂ ਨੂੰ ਕਰਜ਼ਾ ਦੇਣ ਤੋਂ ਪਹਿਲਾਂ ਡਿਸਬਰਸਿੰਗ ਅਫਸਰ ਆਪਣੀ ਤਸੱਲੀ ਦੀ ਜਾਮਨੀ ਲੈ ਲੈਣ ਤਾਂ ਜੋ ਇਹ ਕਰਜ਼ਾ ਪੂਰਾ ਸੁਰੱਖਿਅਤ ਹੋਵੇ ਅਤੇ ਨਿਰਧਾਰਿਤ ਸਮੇਂ ਅਨੁਸਾਰ ਵਸੂਲੀ ਹੋ ਸਕੇ।

2. ਇਸ ਕਰਜ਼ੇ ਦੀ ਮੰਨਜ਼ੂਰੀ ਜਾਰੀ ਕਰਨ ਦਾ ਅਧਿਕਾਰ ਡਿਸਬਰਸਿੰਗ ਅਫਸਰ ਨੂੰ ਹੋਵੇਗਾ ਅਤੇ ਉਹ ਮੰਨਜ਼ੂਰੀ ਜਾਰੀ ਕਰਨ ਤੋਂ ਪਹਿਲਾਂ ਇਹ ਯਕੀਨੀ ਬਣਾ ਲਵੇਗਾ ਕਿ ਕਰਮਚਾਰੀ ਉਤਨੇ ਸਮੇਂ ਲਈ ਸੇਵਾ ਵਿੱਚ ਰਹੇਗਾ ਜਿੰਨ੍ਹਾਂ ਸਮਾਂ ਇਸ ਕਰਜ਼ੇ ਦੀ ਵਸੂਲੀ ਲਈ ਨਿਸ਼ਚਿਤ ਕੀਤਾ ਗਿਆ ਹੈ।

3. ਕਰਜ਼ੇ ਦੀ ਰਕਮ ਨਾਨ ਪਲਾਨ ਸਾਈਡ ਤੇ ਹੈਡ "7610-ਸਰਕਾਰੀ ਕਰਮਚਾਰੀਆਂ ਨੂੰ ਕਰਜ਼ੇ ਆਦਿ-800-ਹੋਰ ਕਰਜ਼ੇ ਆਦਿ-01 ਫੈਸਟੀਵਲ ਐਡਵਾਂਸ-55-ਕਰਜ਼ੇ ਅਤੇ ਪੇਸ਼ਗੀਆਂ" ਅਧੀਨ ਬੁੱਕ ਕੀਤੀ ਜਾਵੇਗੀ। ਇਸ ਦੀ ਮਾਹਵਾਰੀ ਵਸੂਲੀ ਕਾਰਸਪਾਡਿੰਗ ਰਸੀਟ ਹੈਡ "7610-ਸਰਕਾਰੀ ਕਰਮਚਾਰੀਆਂ ਨੂੰ ਕਰਜ਼ੇ ਆਦਿ-800-ਹੋਰ ਕਰਜ਼ੇ ਆਦਿ-01 ਫੈਸਟੀਵਲ ਐਡਵਾਂਸ-55-ਕਰਜ਼ੇ ਅਤੇ ਪੇਸ਼ਗੀਆਂ/ਪ੍ਰਾਪਤੀਆਂ" ਨੂੰ ਬੁੱਕ ਕੀਤੀ ਜਾਵੇਗੀ।

4. ਇਸ ਕਰਜ਼ੇ ਸਬੰਧੀ ਵਿਅਕਤੀਗਤ ਲੇਖਾ ਜੋਖਾ ਡਿਸਬਰਸਿੰਗ ਅਫਸਰ ਰੱਖੇਗਾ ਅਤੇ ਉਹ ਆਪਣੀ ਪੱਧਰ ਤੇ ਇਹ ਯਕੀਨੀ ਬਣਾਏਗਾ ਕਿ ਕਰਜ਼ੇ ਦੀ ਵਸੂਲੀ ਉਪਰੋਕਤ ਵਰਨਣ ਅਨੁਸਾਰ ਕੀਤੀ ਗਈ ਹੈ। ਇਸ ਕਰਜ਼ੇ ਦੀ ਵਸੂਲੀ ਸਬੰਧੀ ਹਰ ਤਨਖਾਹ ਦੇ ਬਿਲ ਨਾਲ ਅਲੱਗ ਸ਼ਡਿਊਲ ਲਗਾਇਆ ਜਾਵੇਗਾ ਜਿਸ ਵਿੱਚ ਕਰਮਚਾਰੀ ਵਾਈਜ਼ ਕਰਜ਼ੇ ਦੀ ਕੁੱਲ ਰਕਮ, ਮੌਜੂਦਾ ਬਿਲ ਵਿੱਚ ਕੀਤੀ ਕਟੌਤੀ ਅਤੇ ਬਕਾਇਆ ਵਿਖਾਇਆ ਜਾਵੇਗਾ।

.....2.....

5. ਹਰ ਵਿਭਾਗ ਦਾ ਮੁੱਖੀ ਆਪਣੇ ਵਿਭਾਗ ਵੱਲੋਂ ਡਰਾਅ ਕੀਤੀ ਕਰਜ਼ੇ ਦੀ ਰਾਸ਼ੀ ਅਤੇ ਕੀਤੀ ਗਈ ਰਿਕਵਰੀ ਦਾ ਮਿਲਾਣ ਮਹਾਂਲੇਖਾਕਾਰ ਪੰਜਾਬ ਨਾਲ ਕਰਨਾ ਯਕੀਨੀ ਬਣਾਉਣਗੇ। ਇਹ ਕਰਜਾ ਉਨਾਂ ਦਰਜਾ ਚਾਰ (ਗਰੁੱਪ ਡੀ) ਕਰਮਚਾਰੀਆਂ ਨੂੰ ਦਿੱਤਾ ਜਾਵੇਗਾ ਜੋ ਇਸ ਲਈ ਅਪਲਾਈ ਕਰਨਗੇ।

ਡਾ: ਅਭਿਨਵ, ਆਈ.ਏ.ਐਸ.
ਵਿਸ਼ੇਸ਼ ਸਕੱਤਰ-ਕਮ-ਡਾਇਰੈਕਟਰ, ਖਜ਼ਾਨਾ ਤੇ ਲੇਖਾ ਸ਼ਾਖਾ,
ਵਿੱਤ ਵਿਭਾਗ, ਪੰਜਾਬ।

ਮਿਤੀ :12.10.2017

ਪਿਠ ਅੰਕਣ ਨੰ:ਵਿ:ਵਿ:ਕਰਜ਼ਾ-ਭ.ਅ.1/93/2017/ ੧੫੧੪ ਮਿਤੀ: 12-10-੨੦੧੭

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਭੇਜਿਆ ਜਾਂਦਾ ਹੈ:-

1. ਪ੍ਰਮੁੱਖ ਮਹਾਂਲੇਖਾਕਾਰ,(ਆਡਿਟ),ਪੰਜਾਬ,ਚੰਡੀਗੜ੍ਹ।
2. ਪ੍ਰਮੁੱਖ ਮਹਾਂਲੇਖਾਕਾਰ (ਏ ਅਤੇ ਈ), ਪੰਜਾਬ,ਚੰਡੀਗੜ੍ਹ।

ਡਿਪਟੀ ਡਾਇਰੈਕਟਰ(ਪੜਤਾਲ)

ਪਿਠ ਅੰਕਣ ਨੰ:ਵਿ:ਵਿ:ਕਰਜ਼ਾ-ਭ.ਅ.1/93/2017/੧੫੧੫ ਮਿਤੀ: 12-10-੨੦੧੭

ਇਕ ਉਤਾਰਾ ਪੰਜਾਬ ਰਾਜ ਦੇ ਜਿਲ੍ਹਾ ਖਜਾਨਾ ਅਫਸਰਾਂ/ਖਜਾਨਾ ਅਫਸਰਾਂ ਨੂੰ ਸੂਚਨਾ ਅਤੇ ਜਰੂਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਡਿਪਟੀ ਡਾਇਰੈਕਟਰ(ਪੜਤਾਲ)

ਪਿਠ ਅੰਕਣ ਨੰ:ਵਿ:ਵਿ:ਕਰਜ਼ਾ-ਭ.ਅ.1/93/2017/ ੧੫੧੬ ਮਿਤੀ: 12-10-੨੦੧੭

ਇਕ ਉਤਾਰਾ:-

1. ਰੈਜੀਡੈਂਟ,ਵਿੱਤੀ ਕਮਿਸ਼ਨਰ, ਪੰਜਾਬ ਸਰਕਾਰ, ਪੰਜਾਬ ਹਾਊਸ ਕਾਪਰਨੀਕਸ ਮਾਰਗ,ਨਵੀਂ ਦਿੱਲੀ।
2. ਸਹਾਇਕ ਤਨਖਾਹ ਅਤੇ ਲੇਖਾ ਅਫਸਰ,ਪੰਜਾਬ ਭਵਨ,ਨਵੀਂ ਦਿੱਲੀ।

ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਡਿਪਟੀ ਡਾਇਰੈਕਟਰ(ਪੜਤਾਲ)

ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਮੁੱਖ ਸਕੱਤਰ,ਪੰਜਾਬ ਸਰਕਾਰ, ਚੰਡੀਗੜ੍ਹ।
2. ਪੰਜਾਬ ਸਰਕਾਰ ਦੇ ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ।

ਡਿਪਟੀ ਡਾਇਰੈਕਟਰ(ਪੜਤਾਲ)

ਸੇਵਾ ਵਿਖੇ

1. ਮੁੱਖ ਸਕੱਤਰ,ਪੰਜਾਬ ਸਰਕਾਰ, ਚੰਡੀਗੜ੍ਹ।
2. ਪੰਜਾਬ ਸਰਕਾਰ ਦੇ ਸਮੂਹ ਵਿੱਤੀ ਕਮਿਸ਼ਨਰ , ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ।

ਨੰ:ਵਿ:ਵਿ:ਕਰਜ਼ਾ-ਭ.ਅ.1/93/2017/੧੫੧੭ ਮਿਤੀ: 12-10-੨੦੧੭

**ਪੰਜਾਬ ਸਕੂਲ ਸਿੱਖਿਆ ਬੋਰਡ**
**ਨੋਟੀਫਿਕੇਸ਼ਨ**

ਨੋਟੀ: ਨੰ:307-ਪਸਸਬ-5ਅਸ-ਅਮਲਾ-2018/ 15 ਮਿਤੀ:ਸਾਹਿਬਜ਼ਾਦਾ ਅਜੀਤ ਸਿੰਘ ਨਗਰ: 2|01|18

ਬੋਰਡ ਦੀ ਇਕੱਤਰਤਾ ਮਿਤੀ 17.11.2016 ਵਿੱਚ ਮੱਦ ਨੰ. 8 (1) ਰਾਹੀਂ ਬੋਰਡ ਤੋਂ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ, ਪੰਜਾਬ ਸਰਕਾਰ, ਵਿੱਤ ਵਿਭਾਗ, ਵਿੱਤ ਪ੍ਰਸੋਨਲ-2 ਸ਼ਾਖਾ ਵੱਲੋਂ ਜਾਰੀ ਪੱਤਰ ਨੰ. 3/6/2016-5ਵਿ.ਪ੍ਰ.2/634 ਮਿਤੀ 25.09.2017 (ਅਨੁਲੱਗ ੳ) ਬੋਰਡ ਦਫਤਰ ਵਿੱਚ ਕੰਮ ਕਰਦੇ ਸਰੀਰਿਕ ਤੌਰ ਤੇ ਅੰਗਹੀਣ (Physically Handicapped) ਕਰਮਚਾਰੀਆਂ ਲਈ ਅਡਾਪਟ ਕਰਨ ਦੀ ਪ੍ਰਵਾਨਗੀ ਦਿੰਦੇ ਹਨ।

ਮਿਤੀ: ਸਾਹਿਬਜ਼ਾਦਾ ਅਜੀਤ ਸਿੰਘ ਨਗਰ
24-12-2017

ਸਕੱਤਰ,
ਪੰਜਾਬ ਸਕੂਲ ਸਿੱਖਿਆ ਬੋਰਡ

ਪਿੱਠ ਅੰਕਣ ਨੰ:ਪਸਸਬ-5ਅਸ-ਅਮਲਾ-2018/ 16 ਮਿਤੀ:ਸਾਹਿਬਜ਼ਾਦਾ ਅਜੀਤ ਸਿੰਘ ਨਗਰ: 2|01|18

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਚੇਅਰਮੈਨ, ਸੀਨੀਅਰ ਵਾਈਸ ਚੇਅਰਪਰਸਨ, ਵਾਈਸ ਚੇਅਰਮੈਨ ਅਤੇ ਸਕੱਤਰ ਜੀ ਦੇ ਨਿੱਜੀ ਸਕੱਤਰਾਂ/ ਨਿੱਜੀ ਸਹਾਇਕਾਂ ਨੂੰ, ਚੇਅਰਮੈਨ, ਸੀਨੀਅਰ ਵਾਈਸ ਚੇਅਰਪਰਸਨ, ਵਾਈਸ ਚੇਅਰਮੈਨ ਅਤੇ ਸਕੱਤਰ ਜੀ ਦੀ ਸੂਚਨਾ ਹਿੱਤ;
2) ਸੰਯੁਕਤ ਸਕੱਤਰ (ਪ੍ਰੀਖਿਆਵਾਂ/ ਜਨਰਲ);
3) ਸਹਾਇਕ ਸਕੱਤਰ, ਲੇਖਾ;
4) ਡਿਪਟੀ ਕੰਟਰੋਲਰ, ਲੋਕਲ ਆਡਿਟ;
5) ਸਹਾਇਕ ਸਕੱਤਰ, ਅਮਲਾ;
6) ਸਮੂਹ ਸ਼ਾਖਾ ਮੁੱਖੀ;
7) ਰਿਕਾਰਡਰ, ਅਮਲਾ ਸ਼ਾਖਾ;

ਪੰਜਾਬ ਸਕੂਲ ਸਿੱਖਿਆ ਬੋਰਡ ।

ਸੁਪਰਡੰਟ (ਅਮਲਾ-5) 1|1|18
ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।

ਅਨੁਲੱਗ - 'ਓ'

ਨੰ: 3/6/2016-5ਵਿ.ਪ੍ਰ.2/ 634

ਪੰਜਾਬ ਸਰਕਾਰ
ਵਿੱਤ ਵਿਭਾਗ
(ਵਿੱਤ ਪ੍ਰਸੋਨਲ - 2 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਸਮੂਹ ਡਵੀਜ਼ਨਾਂ ਦੇ ਕਮਿਸ਼ਨਰ,
ਸਮੂਹ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ ਅਤੇ
ਸਬ-ਡਵੀਜ਼ਨਲ ਮੈਜਿਸਟ੍ਰੇਟ।

ਮਿਤੀ, ਚੰਡੀਗੜ੍ਹ: 25/9/2017

ਵਿਸ਼ਾ :- ਸ਼ਰੀਰਕ ਤੌਰ ਤੇ ਅੰਗਹੀਣ ਕਰਮਚਾਰੀਆਂ ਨੂੰ ਕਨਵੇਂਨਸ ਅਲਾਊਂਸ ਦੇਣ ਬਾਰੇ।

ਸ੍ਰੀਮਾਨ/ਸ੍ਰੀਮਤੀ ਜੀ,

ਮੈਨੂੰ ਆਪ ਜੀ ਦਾ ਧਿਆਨ ਵਿੱਤ ਵਿਭਾਗ ਦੇ ਪੱਤਰ ਨੰ: 3/2/10-5ਵਿ.ਪ੍ਰ.2/1402, ਮਿਤੀ 21 ਦਸੰਬਰ, 2011, ਜਿਸ ਰਾਹੀਂ ਨੇਤਰਹੀਣ ਅਤੇ ਫਿਜੀਕਲ ਹੈਂਡੀਕੈਪਡ ਕਰਮਚਾਰੀਆਂ ਦਾ ਕਨਵੇਅੰਸ ਅਲਾਊਂਸ 450/- ਰੁਪਏ ਪ੍ਰਤੀ ਮਹੀਨਾ ਤੋਂ ਵਧਾ ਕੇ 600/- ਰੁਪਏ ਪ੍ਰਤੀ ਮਹੀਨਾ ਕੀਤਾ ਗਿਆ ਸੀ, ਵੱਲ ਦਿਵਾਉਣ ਅਤੇ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਸਰਕਾਰ ਵੱਲੋਂ ਸ਼ਰੀਰਕ ਤੌਰ ਤੇ ਅੰਗਹੀਣ (Physically Handicapped) ਕਰਮਚਾਰੀਆਂ ਦਾ ਕਨਵੇਅੰਸ ਅਲਾਊਂਸ 600/- ਰੁਪਏ ਤੋਂ ਵਧਾ ਕੇ 1,000/- ਰੁਪਏ ਪ੍ਰਤੀ ਕਰਨ ਦਾ ਫੈਸਲਾ ਲਿਆ ਗਿਆ ਹੈ।

2. ਇਹ ਹਦਾਇਤਾਂ ਤੁਰੰਤ ਪ੍ਰਭਾਵ ਤੋਂ ਲਾਗੂ ਹੋਣਗੀਆਂ।

3. ਇਹ ਹਦਾਇਤਾਂ ਆਪਣੇ ਅਧੀਨ ਕੰਮ ਕਰਦੇ ਅਧਿਕਾਰੀਆਂ/ਕਰਮਚਾਰੀਆਂ ਦੇ ਧਿਆਨ ਵਿੱਚ ਲਿਆ ਦਿੱਤੀਆਂ ਜਾਣ।

ਵਿਸ਼ਵਾਸ਼ਪਾਤਰ,

ਅਧੀਨ ਸਕੱਤਰ ਵਿੱਤ (ਪ੍ਰ)

ਇਸ ਦਾ ਇਕ ਉਤਾਰਾ ਮੁੱਖ ਸਕੱਤਰ, ਪੰਜਾਬ ਸਰਕਾਰ, ਸਮੂਹ ਵਧੀਕ ਮੁੱਖ ਸਕੱਤਰਾਂ, ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਵਿੱਤ (ਪ੍ਰ)

ਸੇਵਾ ਵਿਖੇ

1) ਮੁੱਖ ਸਕੱਤਰ, ਪੰਜਾਬ ਸਰਕਾਰ;

Scanned by CamScanner

2) ਸਮੂਹ ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ: 3/6/2016-5ਵਿ.ਪ੍ਰ.2/ 635-636 ਮਿਤੀ, ਚੰਡੀਗੜ੍ਹ: 25/9/2017

ਪਿੱ.ਅੰ.ਨੰ: 3/6/2016-5ਵਿ.ਪ੍ਰ.2/ 637- 638 ਮਿਤੀ, ਚੰਡੀਗੜ੍ਹ: 25/9/2017

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1) ਮਹਾਂਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ;
2) ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।

ਸੁਪਰਡੰਟ

ਪਿੱ.ਅੰ.ਨੰ: 3/6/2016-5ਵਿ.ਪ੍ਰ.2/ 639 ਮਿਤੀ, ਚੰਡੀਗੜ੍ਹ: 25/9/17

ਇਸ ਦਾ ਇਕ ਉਤਾਰਾ ਮੈਨੇਜਿੰਗ ਡਾਇਰੈਕਟਰ, ਪੰਜਾਬ ਇਨਫੋਟੈਕ ਜੀ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਪੱਤਰ ਨੂੰ ਪੰਜਾਬ ਸ਼ਰਕਾਰ ਦੀ ਵੈਬਸਾਈਟ ਤੇ ਅਪਲੋਡ ਕਰਨ ਦੀ ਖੇਚਲ ਕੀਤੀ ਜਾਵੇ।

ਸੁਪਰਡੰਟ

Scanned by CamScanner

ਪੰਜਾਬ ਸਕੂਲ ਸਿੱਖਿਆ ਬੋਰਡ
ਨੋਟੀਫਿਕੇਸ਼ਨ

ਨੋਟੀ: ਨੰ:308-ਪਸਸਬ-5ਅਸ-ਅਮਲਾ-2018/ ਮਿਤੀ:ਸਾਹਿਬਜ਼ਾਦਾ ਅਜੀਤ ਸਿੰਘ ਨਗਰ:

ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ ਵਲੋਂ ਜਾਰੀ ਪੱਤਰ ਨੰ. 12/57/2017-1ਪੀਪੀ2/960832/1-2 ਮਿਤੀ 24.04.2017 ਜੋ ਬੋਰਡ ਦਫਤਰ ਵਿੱਚ ਨੋਟੀਫਿਕੇਸ਼ਨ ਨੰ. 299-ਪਸਸਬ-5ਅਸ-ਅਮਲਾ-2017/938 ਮਿਤੀ 17.05.2017 ਰਾਹੀਂ ਅਤੇ ਪੱਤਰ ਨੰ. 12/57/17-1ਪੀਪੀ2/1ਪੀਪੀ3/1051389/1 ਮਿਤੀ 28.08.2017 ਜੋ ਨੋਟੀਫਿਕੇਸ਼ਨ ਨੰ. 305-ਪਸਸਬ-5ਅਸ-ਅਮਲਾ-2017/1332 ਮਿਤੀ 09.10.2017 ਰਾਹੀਂ ਅਡਾਪਟ ਕੀਤਾ ਗਿਆ ਸੀ, ਦੀ ਲਗਾਤਾਰਤਾ ਵਿੱਚ ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ, ਪ੍ਰਸੋਨਲ ਪਾਲਿਸੀਜ਼-3 ਸ਼ਾਖਾ ਵਲੋਂ ਜਾਰੀ ਪੱਤਰ ਨੰ. 12/57/2017-1ਪੀਪੀ3/291 ਮਿਤੀ 22.03.2018 (ਅਨੁਲੱਗ ੳ) ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ, ਬੋਰਡ ਦਫਤਰ ਵਿੱਚ ਲਾਗੂ ਕਰਨ ਦੀ ਪ੍ਰਵਾਨਗੀ ਦਿੰਦੇ ਹਨ।

ਮਿਤੀ: ਸਾਹਿਬਜ਼ਾਦਾ ਅਜੀਤ ਸਿੰਘ ਨਗਰ
17-04-2018

ਸਕੱਤਰ,
ਪੰਜਾਬ ਸਕੂਲ ਸਿੱਖਿਆ ਬੋਰਡ

ਪਿੱਠ ਅੰਕਣ ਨੰ:ਪਸਸਬ-5ਅਸ-ਅਮਲਾ-2018/ 1393 ਮਿਤੀ:ਸਾਹਿਬਜ਼ਾਦਾ ਅਜੀਤ ਸਿੰਘ ਨਗਰ: 19|4|18

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਚੇਅਰਮੈਨ ਜੀ ਦੇ ਨਿੱਜੀ ਸਕੱਤਰ, ਵਾਈਸ ਚੇਅਰਮੈਨ ਅਤੇ ਸਕੱਤਰ ਜੀ ਦੇ ਨਿੱਜੀ ਸਹਾਇਕਾਂ ਨੂੰ, ਚੇਅਰਮੈਨ, ਵਾਈਸ ਚੇਅਰਮੈਨ ਅਤੇ ਸਕੱਤਰ ਜੀ ਦੀ ਸੂਚਨਾ ਹਿੱਤ;
2) ਸੰਯੁਕਤ ਸਕੱਤਰ, ਜਨਰਲ;
3) ਸੰਯੁਕਤ ਸਕੱਤਰ/ ਕੰਟਰੋਲਰ, ਪ੍ਰੀਖਿਆਵਾਂ;
4) ਡਾਇਰੈਕਟਰ (ਅਕਾਦਮਿਕ, ਕੰਪਿਊਟਰ);
5) ਸੀਨੀਅਰ ਲੀਗਲ ਐਡਵਾਈਜਰ;
6) ਡਿਪਟੀ ਡਾਇਰੈਕਟਰ, ਕੰਪਿਊਟਰ;
7) ਸਹਾਇਕ ਸਕੱਤਰ, ਅਮਲਾ;
8) ਸਮੂਹ ਅਮਲਾ ਸੁਪਰਡੰਟ/ ਸਹਾਇਕ;
9) ਰਿਕਾਰਡਰ, ਅਮਲਾ ਸ਼ਾਖਾ;

ਪੰਜਾਬ ਸਕੂਲ ਸਿੱਖਿਆ ਬੋਰਡ ।

ਸੁਪਰਡੰਟ (ਅਮਲਾ-5) 19/4/18
ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।

ਨੰ:12/57/2017-1ਪੀ.ਪੀ.3/ 29 ।

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪੀ.ਪੀ.3 ਸ਼ਾਖਾ)

ਮਿਤੀ ਚੰਡੀਗੜ੍ਹ: 22/3/2018

ਸੇਵਾ ਵਿਖੇ

1. ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜ਼ਨਾਂ ਦੇ ਕਮਿਸ਼ਨਰਜ਼, ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਜ਼
ਅਤੇ ਉਪ ਮੰਡਲ ਅਫਸਰ (ਸਿਵਲ),
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਸਮੂਹ ਜ਼ਿਲ੍ਹਾ ਅਤੇ ਸੈਸ਼ਨ ਜੱਜ।

2. ਰਾਜ ਦੇ ਸਮੂਹ ਬੋਰਡਾਂ/ਕਾਰਪੋਰੇਸ਼ਨਾਂ ਦੇ ਚੇਅਰਮੈਨ/ਮੈਨੇਜਿੰਗ ਡਾਇਰੈਕਟਰ।

ਵਿਸ਼ਾ: ਆਮ ਚੋਣਾਂ 2017 ਦੌਰਾਨ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵੱਲੋਂ ਜਾਰੀ ਮੈਨੀਫੈਸਟੋ ਨੂੰ "ਪੰਜ ਸਾਲਾ ਵਰਕ ਪ੍ਰੋਗਰਾਮ 2017-2022" ਵਜੋਂ ਪੰਜਾਬ ਸਰਕਾਰ ਵੱਲੋਂ ਮਿਤੀ ਬੱਧ ਤਰੀਕੇ ਨਾਲ ਲਾਗੂ ਕਰਨ ਸਬੰਧੀ।

ਸ੍ਰੀਮਾਨ/ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਇਸ ਵਿਭਾਗ ਦੇ ਪੱਤਰ 12/57/2017-1ਪੀਪੀ2/960832/1-7 ਮਿਤੀ 24.4.2017 ਅਤੇ ਪੱਤਰ ਨੰ:12/57/17-1ਪੀ.ਪੀ.2/ ਪੀ.ਪੀ.3/1051389/1-5 ਮਿਤੀ 28.8.2017 ਦੀ ਲਗਾਤਾਰਤਾ ਵਿੱਚ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਮੰਤਰੀ ਪ੍ਰੀਸ਼ਦ ਦੇ ਫੈਸਲੇ ਮਿਤੀ 18.03.2017 ਦੇ ਸਨਮੁੱਖ ਪ੍ਰਸੋਨਲ ਵਿਭਾਗ ਵੱਲੋਂ ਲਿਖਿਆ ਗਿਆ ਸੀ ਕਿ ਵੱਖ ਵੱਖ ਵਿਭਾਗਾਂ ਵਿੱਚ ਰੈਗੂਲਰ ਪ੍ਰਵਾਨਿਤ ਆਸਾਮੀਆਂ ਦੇ ਵਿਰੁੱਧ ਠੇਕਾ ਆਧਾਰਿਤ ਅਮਲੇ ਦੀ ਭਰਤੀ ਨਾ ਕੀਤੀ ਜਾਵੇ। ਜਿਹੜੇ ਕਰਮਚਾਰੀ ਪਹਿਲਾਂ ਹੀ ਕੰਟਰੈਕਟ ਤੇ ਜਾਂ ਆਊਟਸੋਰਸ ਏਜੰਸੀ ਰਾਹੀਂ ਕਰ ਕੰਮ ਰਹੇ ਸਨ, ਦੀਆਂ ਸੇਵਾਵਾਂ, ਪ੍ਰਬੰਧਕੀ ਵਿਭਾਗ ਦੀ ਲੋੜ ਅਨੁਸਾਰ ਮਿਤੀ 31.03.2018 ਤੱਕ ਜਾਂ ਦ ਪੰਜਾਬ ਐਡਹਾਕ, ਕੰਟਰੈਕਚੁਅਲ, ਡੇਲੀਵੇਜ਼, ਟੈਂਪਰੇਰੀ, ਵਰਕਚਾਰਜ ਅਤੇ ਆਊਟਸੋਰਸ ਇੰਪਲਾਈਜ਼ ਵੈਲਫੇਅਰ ਐਕਟ 2016 ਸਬੰਧੀ ਸਰਕਾਰ ਵੱਲੋਂ ਜਾਂ ਅਦਾਲਤ ਵੱਲੋਂ ਅੰਤਿਮ ਫੈਸਲਾ ਆਉਣ ਦੀ ਮਿਤੀ ਤੱਕ ਦੋਨਾਂ ਵਿੱਚੋਂ ਜੋ ਵੀ ਪਹਿਲਾਂ ਹੋਵੇ, ਵਿੱਚ ਵਾਧਾ ਕਰਨ ਦੀ ਇਜ਼ਾਜਤ ਦਿੱਤੀ ਗਈ ਸੀ।

2. ਮੈਨੂੰ ਹਦਾਇਤ ਹੋਈ ਹੈ ਕਿ ਮੈਂ ਆਪ ਨੂੰ ਮੁੜ ਲਿਖਾਂ ਕਿ ਉਕਤ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ ਅਤੇ ਜੇਕਰ ਕਿਸੇ ਖਾਸ ਕਾਰਨ ਕਰਕੇ ਜੋ ਕਰਮਚਾਰੀ ਇਸ ਸਮੇਂ ਕੰਟਰੈਕਟ ਤੇ ਜਾਂ ਆਊਟਸੋਰਸ ਏਜੰਸੀ ਰਾਹੀਂ ਕੰਮ ਕਰ ਰਹੇ ਹਨ ਦੀ ਥਾਂ ਨਵੀਂ ਰੈਗੂਲਰ ਭਰਤੀ ਕਰਨ ਵਿੱਚ ਸਮਾਂ

ਲੱਗਦਾ ਹੋਵੇ ਅਤੇ ਵਿਭਾਗ ਨੂੰ ਕੰਟਰੈਕਟ ਜਾਂ ਆਊਟਸੋਰਸ ਤੇ ਕੰਮ ਕਰ ਰਹੇ ਅਜਿਹੇ ਕਰਮਚਾਰੀਆਂ ਦੀ ਸੇਵਾਵਾਂ ਦੀ ਜਰੂਰਤ ਹੋਵੇ ਤਾਂ ਵਿਭਾਗ ਅਜਿਹੇ ਕਰਮਚਾਰੀਆਂ/ਅਧਿਕਾਰੀਆਂ ਦੀ ਸੇਵਾਵਾਂ ਮਿਤੀ 31.03.2019 ਤੱਕ ਜਾਂ ਕੱਚੇ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਸਬੰਧੀ ਨਵੇਂ ਵੈਲਫੇਅਰ ਐਕਟ ਦੇ ਹੋਂਦ ਵਿੱਚ ਆਉਣ ਤੱਕ, ਦੋਹਾਂ ਵਿੱਚੋਂ ਜੋ ਵੀ ਪਹਿਲਾਂ ਵਾਪਰੇ, ਤੱਕ ਵਾਧਾ ਕਰ ਸਕਦਾ ਹੈ।

ਵਿਸ਼ਵਾਸ਼ਪਾਤਰ,

ਵਧੀਕ ਸਕੱਤਰ ਪ੍ਰਸੋਨਲ

ਇਸ ਦਾ ਇਕ ਉਤਾਰਾ ਸਮੂਹ ਵਿਸ਼ੇਸ਼ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰਜ਼/ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ ਸਾਹਿਬਾਨ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਸਕੱਤਰ ਪ੍ਰਸੋਨਲ

ਸੇਵਾ ਵਿਖੇ

ਵਿਸ਼ੇਸ਼ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/
ਵਿੱਤੀ ਕਮਿਸ਼ਨਰਜ਼/ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅ:ਵਿ:ਪ:ਨੰ: 12/57/2017-1ਪੀ.ਪੀ.3/ 292 ਮਿਤੀ, ਚੰਡੀਗੜ੍ਹ: 22/3/18

ਪਿੱਠ ਅੰਕਣ ਨੰ: 12/57/2017-1ਪੀ.ਪੀ.3/293 ਮਿਤੀ, ਚੰਡੀਗੜ੍ਹ: 22/3/18

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

(1) ਮੁੱਖ ਪ੍ਰਮੁੱਖ ਸਕੱਤਰ ਮੁੱਖ ਮੰਤਰੀ, ਪੰਜਾਬ।
(2) ਪ੍ਰਮੁੱਖ ਸਕੱਤਰ ਮੁੱਖ ਮੰਤਰੀ, ਪੰਜਾਬ।
(3) ਸਮੂਹ ਮੰਤਰੀ ਸਾਹਿਬਾਨ ਦੇ ਵਿਸ਼ੇਸ਼ ਸਕੱਤਰ/ਸਕੱਤਰ ਅਤੇ ਨਿੱਜੀ ਸਕੱਤਰ।

ਵਧੀਕ ਸਕੱਤਰ ਪ੍ਰਸੋਨਲ

ਪਿੱਠ ਅੰਕਣ ਨੰ: 12/57/2017-1ਪੀ.ਪੀ.3/294 ਮਿਤੀ, ਚੰਡੀਗੜ੍ਹ: 22/3/18

ਇਸ ਦਾ ਇਕ ਉਤਾਰਾ ਸੁਪਰਡੰਟ, ਮੰਤਰੀ ਮੰਡਲ ਮਾਮਲੇ ਸ਼ਾਖਾ, ਆਮ ਰਾਜ ਪ੍ਰਬੰਧ ਵਿਭਾਗ ਨੂੰ ਇਸ ਵਿਭਾਗ ਦੇ ਪੱਤਰ ਨੰ:12/57/2017-1ਪੀਪ.ਪੀ.2/1ਪੀ.ਪੀ.3/1051389/5 ਮਿਤੀ 28.8.2018 ਦੀ ਲਗਾਤਾਰਤਾ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਸਕੱਤਰ ਪ੍ਰਸੋਨਲ